Washington State Department of Social & Health Services — Transforming lives

# ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ ਜਦੋਂ ਤੁਸੀਂ ਬੁਢੇਪਾ ਅਤੇ ਲੰਮੀ-ਮਿਆਦ ਦੀ ਸਹਾਇਤਾ ਬਾਰੇ ਪ੍ਰਸ਼ਾਸਨ ਅਤੇ ਵਿਕਾਸ ਸਬੰਧੀ ਅਸਮਰੱਥਾਵਾਂ (ਅਪੰਗਤਾ) ਬਾਰੇ ਪ੍ਰਸ਼ਾਸਨ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਲੈਂਦੇ ਹੋ

# Your Rights and Responsibilities When You Receive Services Offered by Aging and Long-Term Support Administration and Developmental Disabilities Administration

| ਕਲਾਇੰਟ ਦਾ ਨਾਂ |
| --- |
| ACES ID ਨੰਬਰ |

## ਉਪਲਬਧ ਸੇਵਾਵਾਂ

ਤੁਹਾਨੂੰ ਸੇਵਾਵਾਂ ਤੋਂ ਚੋਣ ਕਰਨ ਦਾ ਹੱਕ ਹੈ, ਜਿਹੜੀਆਂ ਸੇਵਾਵਾਂ ਲੈਣ ਲਈ ਤੁਸੀਂ ਯੋਗ ਹੋ। ਇਹ ਸੇਵਾਵਾਂ ਵਾੱਲੰਟਰੀ ਹਨ। ਸੇਵਾਵਾਂ, ਜਿਹਨਾਂ ਲਈ ਬੁਢੇਪਾ ਅਤੇ ਲੰਮੀ-ਮਿਆਦ ਦੀ ਸਹਾਇਤਾ ਬਾਰੇ ਪ੍ਰਸ਼ਾਸਨ (ALTSA) ਅਤੇ ਵਿਕਾਸ ਸਬੰਧੀ ਅਸਮਰੱਥਾਵਾਂ (ਅਪੰਗਤਾ) ਬਾਰੇ ਪ੍ਰਸ਼ਾਸਨ (DDA) ਭੁਗਤਾਨ ਕਰ ਸਕਦਾ ਹੈ, ਸ਼ਾਇਦ ਤੁਹਾਡੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਮਦਦ ਨਹੀਂ ਕਰ ਸਕਦਾ।

ALTSA ਅਤੇ DDA ਇਹ ਸੇਵਾਵਾਂ ਦਿੰਦਾ ਹੈ:

- ਐਡਲਟ ਫ਼ੈਮਿਲੀ ਹੋਮ, ਸਹਾਇਤਾ ਵਾਲੇ ਰਹਿਣ-ਸਹਿਣ ਬਾਰੇ ਸਹੂਲਤ, ਵਧਾਈਆਂ ਗਈਆਂ ਸੇਵਾਵਾਂ ਬਾਰੇ ਸਹੂਲਤ, ਨਰਸਿੰਗ ਸਹੂਲਤ, ਕੰਪੈਨੀਅਨ ਹੋਮ, ਚਿਲਡ੍ਰਨ'ਸ ਫ਼ੋਸਟਰ ਹੋਮ, ਬੱਚਿਆਂ ਦੇ ਲਾਇਸੈਂਸਸ਼ੁਦਾ ਸਟਾਫ਼ ਵਾਲਾ ਰਿਹਾਇਸ਼ੀ ਹੋਮ; DDA ਗਰੁਪ ਹੋਮਸ, ਗਰੁਪ ਟ੍ਰੇਨਿੰਗ ਹੋਮਸ, ICF/IDs; ਜਾਂ
- ਇੱਕ ਵਿਅਕਤੀ, ਜਿਸਦਾ ਆਪਣਾ ਘਰ ਹੈ। **ਧਿਆਨ ਦਿਓ:**ALTSA ਅਤੇ DDA ਵਿਅਕਤੀ ਦੇ ਆਪਣੇ ਘਰ ਵਿਚ ਭੁਗਤਾਨ ਵਾਲੀਆਂ 24 ਘੰਟੇ/ਦਿਨ ਦੀ ਵਿਅਕਤੀਗਤ ਸੰਭਾਲ ਦੀਆਂ ਸੇਵਾਵਾਂ ਨਹੀਂ ਦਿੰਦਾ। ਜੇ ਹੋਰ ਸੇਵਾ ਵਿਕਲਪਾਂ ਦੀ ਥਾਂ 24 ਘੰਟੇ ਦੀ ਸੰਭਾਲ ਦੀ ਲੋੜ ਹੈ, ਤਾਂ ਇਸ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

ਇਸ ਦਸਤਾਵੇਜ਼ ਵਿਚ ਤੁਹਾਡੇ AAA ਕੇਸ ਮੈਨੇਜਰ, DDA ਕੇਸ ਬਾਰੇ ਸ੍ਰੋਤ ਮੈਨੇਜਰ ਜਾਂ HCS ਸੋਸ਼ਲ ਸੇਵਾ ਬਾਰੇ ਸਪੈਸ਼ਲਿਸਟ ਨੂੰ **ਕੇਸ ਮੈਨੇਜਰ** ਕਿਹਾ ਜਾਂਦਾ ਹੈ।

## ਤੁਹਾਡੇ ਹੱਕ

ਤੁਹਾਡਾ ਇਹਨਾਂ ਲਈ ਹੱਕ ਹੈ:

- ਮਾਣ, ਸਤਿਕਾਰ ਅਤੇ ਬਿਨਾ ਪੱਖਪਾਤ ਵਾਲਾ ਵਿਹਾਰ ਕੀਤਾ ਜਾਏ;
- ਕਾਨੂੰਨ ਅਤੇ DSHS ਨੇਮਾਂ ਦੀਆਂ ਹੱਦਾਂ ਦੇ ਅੰਦਰ ਤੁਹਾਡੇ ਬਾਰੇ ਜਾਣਕਾਰੀ ਨੂੰ ਗੁਪਤ ਰਖਿਆ ਜਾਏ;
- ਬਦਜ਼ਬਾਨੀ ਨਾ ਕੀਤੀ ਜਾਏ, ਨਜ਼ਰਅੰਦਾਜ਼ ਨਾ ਕੀਤਾ ਜਾਏ, ਮਾਲੀ ਤੌਰ 'ਤੇ ਫ਼ਾਇਦਾ ਨਾ ਚੁੱਕਿਆ ਜਾਏ ਜਾਂ ਛੱਡਿਆ ਨਾ ਜਾਏ; ਜੇ ਤੁਸੀਂ ਜਾਂ ਤੁਹਾਡੇ ਜਾਣਕਾਰ ਨਾਲ ਬਦਜ਼ਬਾਨੀ ਕੀਤੀ ਜਾ ਰਹੀ ਹੈ, ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਜਾਂ ਫ਼ਾਇਦਾ ਚੁੱਕਿਆ ਜਾ ਰਿਹਾ ਹੈ, ਤਾਂ ਕਿਰਪਾ ਕਰਕੇ ਵਰਕਰ ਨਾਲ ਗੱਲ ਕਰਨ, ਜੋ ਤੁਹਾਡੀ ਮਦਦ ਕਰ ਸਕਦਾ ਹੈ, ਲਈ 1-866-(End Harm)/1-866-363-4276 'ਤੇ DSHS ਟੋਲ ਫ਼੍ਰੀ ਕਾੱਲ ਕਰੋ;
- ਤੁਹਾਡੀ ਸੰਪਤੀ ਨਾਲ ਸਤਿਕਾਰ ਵਾਲਾ ਵਿਹਾਰ ਕੀਤਾ ਜਾਏ;
- ਸਾਰੀਆਂ ਸੇਵਾਵਾਂ ਬਾਰੇ ਦੱਸਿਆ ਜਾਏ, ਜੋ ਤੁਸੀਂ ਲੈ ਸਕਦੇ ਹੋ ਅਤੇ ਜਿਹੜੀਆਂ ਸੇਵਾਵਾਂ ਤੁਸੀਂ ਲੈਣੀਆਂ ਜਾਂ ਨਹੀਂ ਲੈਣੀਆਂ ਚਾਹੁੰਦੇ ਹੋ, ਦੀ ਚੋਣ ਕਰਨਾ;
- ਆਪਣੀ ਸੰਭਾਲ ਦੀ ਯੋਜਨਾ ਬਣਾਉਣ ਵਿਚ ਆਪਣੇ ਕੇਸ ਵਰਕਰ ਨਾਲ ਭਾਈਵਾਲੀ ਵਿਚ ਕੰਮ ਕਰਨਾ;
- ਸੁਆਲਾਂ ਦੇ ਜਵਾਬ ਦੇਣ ਲਈ ਦਬਾਅ ਨਾ ਪਾਇਆ ਜਾਏ ਜਾਂ ਉਹ ਕੰਮ ਕਰਨ ਲਈ ਕਹਿਣਾ, ਜੋ ਤੁਸੀਂ ਨਹੀਂ ਕਰਨਾ ਚਾਹੁੰਦੇ;
- ਏਜੰਸੀ ਦੇ ਫ਼ੈਸਲਿਆਂ ਬਾਰੇ ਲਿਖਤ ਵਿਚ ਦੱਸਿਆ ਜਾਏ ਅਤੇ ਆਪਣੀ ਸੰਭਾਲ ਦੇ ਪਲਾਨ ਜਾਂ ਸਹਾਇਤਾ ਪਲਾਨ ਦੇ ਸਾਰ ਦੀ ਕਾੱਪੀ ਲੈਣਾ;
- ਜੇ ਤੁਸੀਂ ਅਤੇ ਤੁਹਾਡਾ ਕੇਸ ਵਰਕਰ ਸਹਿਮਤ ਨਹੀਂ ਹੁੰਦੇ, ਤਾਂ ਸੁਪਰਵਾਇਜ਼ਰ ਨਾਲ ਗੱਲ ਕਰੋ;
- ਪ੍ਰਸ਼ਾਸਨੀ ਸੁਣਵਾਈ ਦੀ ਬੇਨਤੀ ਕਰਨਾ, ਭਾਵੇਂ ਤੁਸੀਂ ਸ਼ਿਕਾਇਤ ਕੀਤੀ ਹੈ;
- ਜੋਖਮ ਦੇ ਡਰ ਤੋਂ ਬਿਨਾ ਸ਼ਿਕਾਇਤ ਕਰਨੀ, ਭਾਵੇਂ ਤੁਸੀਂ ਪ੍ਰਸ਼ਾਸਨੀ ਸੁਣਵਾਈ ਲਈ ਕਿਹਾ ਹੈ;
- 1-888-201-1014 'ਤੇ ਕਾੱਲ ਕਰਕੇ ਵਕੀਲ ਨਾਲ ਗੱਲ ਕਰਨੀ;
- ਸਾਰੀਆਂ ਸੇਵਾਵਾਂ ਤੋਂ ਮਨ੍ਹਾ ਕਰਨਾ;
- ਜੇ ਤੁਸੀਂ ਚੰਗੀ ਤਰ੍ਹਾਂ ਅੰਗ੍ਰੇਜ਼ੀ ਬੋਲ ਜਾਂ ਸਮਝ ਨਹੀਂ ਸਕਦੇ, ਤਾਂ ਤੁਹਾਨੂੰ ਬਿਨਾ ਕਿਸੇ ਲਾਗਤ ਦੇ ਦੁਭਾਸ਼ੀਆ ਸੇਵਾਵਾਂ ਮੁਹਈਆ ਕਰਨੀਆਂ;
- ਯੋਗਤਾਪ੍ਰਾਪਤ ਪ੍ਰੋਵਾਈਡਰ ਨੂੰ ਚੁਣਨਾ, ਕੱਢਣਾ ਜਾਂ ਬਦਲਣਾ; ਅਤੇ
- ਤੁਹਾਡੇ ਵਲੋਂ ਚੁਣੇ ਗਏ ਕਿਸੇ ਨਿਜੀ ਪ੍ਰੋਵਾਈਡਰ ਲਈ ਪਿਛੋਕੜ ਦੀ ਜਾਂਚ ਦੇ ਨਤੀਜੇ ਲੈਣਾ।

## ਤੁਹਾਡੀਆਂ ਜ਼ਿੰਮੇਵਾਰੀਆਂ

ਤੁਹਾਡੀ ਇਹਨਾਂ ਦੀ ਜ਼ਿੰਮੇਵਾਰੀ ਹੈ:

- ਕੇਸ ਵਰਕਰ ਨੂੰ ਆਪਣੀ ਸਹੂਲਤ ਵਾਲੀ ਥਾਂ ਵਿਚ ਘੱਟੋ-ਘੱਟ ਸਲਾਨਾ ਤੌਰ 'ਤੇ ਆਪਣਾ ਮੁਲਾਂਕਣ ਪੂਰਾ ਕਰਨ ਦੇਣਾ;
- ਕੇਸ ਵਰਕਰ ਨੂੰ ਘੱਟੋ-ਘੱਟ ਸਲਾਨਾ ਤੌਰ 'ਤੇ ਆਪਣਾ ਰਹਿਣ-ਸਹਿਣ ਵਾਲਾ ਮਾਹੌਲ ਵੇਖਣ ਦੇਣਾ;
- ਆਪਣਾ ਮੁਲਾਂਕਣ ਪੂਰਾ ਕਰਨ ਲਈ ਸਾਨੂੰ ਕਾਫੀ ਜਾਣਕਾਰੀ ਦੇਣਾ;
- ਆਪਣੇ ਕੇਸ ਵਰਕਰ ਨੂੰ ਦੱਸੋ, ਜੇ ਕੋਈ ਤੁਹਾਡੇ ਲਈ ਮੈਡੀਕਲ ਜਾਂ ਮਾਲੀ ਫ਼ੈਸਲੇ ਕਰਦਾ/ਕਰਦੀ ਹੈ;
- ਆਪਣੀ ਸੰਭਾਲ ਜਾਂ ਸਹਾਇਤਾ ਪਲਾਨ ਤਿਆਰ ਕਰਨ ਵਿਚ ਹਿੱਸਾ ਲੈਣਾ ਅਤੇ ਇਸ ਉਪਰ ਦਸਤਖ਼ਤ ਕਰਨੇ;
- ਸਮਝਣਾ ਕਿ ਤੁਹਾਡੇ ਪ੍ਰੋਵਾਈਡਰ ਨੂੰ ਬਿਨਾ ਅਖ਼ਤਿਆਰ ਵਾਲੀਆਂ ਸੇਵਾਵਾਂ ਜਾਂ ਘੰਟਿਆਂ ਦਾ ਭੁਗਤਾਨ ਨਹੀਂ ਕੀਤਾ ਜਾ ਸਕਦਾ;
- ਆਪਣੀ ਖ਼ੁਦ ਦੀ ਸਿਹਤ ਸੰਭਾਲ ਚੁਣਨਾ;
- ਯੋਗਤਾਪ੍ਰਾਪਤ ਪ੍ਰੋਵਾਈਡਰ ਚੁਣਨਾ;
- ਕੰਮ ਵਾਲੀ ਸੁਰੱਖਿਅਤ ਥਾਂ ਮੁਹਈਆ ਕਰਨਾ;
- ਪ੍ਰੋਵਾਈਡਰ ਦੀਆਂ ਪਿਛੋਕੜ ਸਬੰਧੀ ਜਾਂਚਾਂ ਨੂੰ ਗੁਪਤ ਰੱਖਣਾ;
- ਜੇ ਤੁਹਾਡੀਆਂ ਆਪਣੇ ਪ੍ਰੋਵਾਈਡਰ ਨਾਲ ਸਮੱਸਿਆਵਾਂ ਹਨ ਜਾਂ ਜੇ ਤੁਹਾਨੂੰ, ਆਪਣੇ ਪ੍ਰੋਵਾਈਡਰ ਵਲੋਂ ਦਾਅਵਾ ਕੀਤੇ ਜਾ ਕਰੇ ਘੰਟੇ ਨਹੀਂ ਮਿਲ ਰਹੇ, ਤਾਂ ਆਪਣੇ ਕੇਸ ਵਰਕਰ ਨਾਲ ਗੱਲ ਕਰੋ;
- ਜੇ ਤੁਸੀਂ ਆਪਣੀ ਸੰਭਾਲ ਦੇ ਭੁਗਤਾਨ ਵਿਚ ਮਦਦ ਕਰਦੇ ਹੋ, ਤਾਂ ਆਪਣੇ ਪ੍ਰੋਵਾਈਡਰ ਨੂੰ ਹਰ ਮਹੀਨੇ ਭੁਗਤਾਨ ਕਰੋ;
- ਅਜਿਹੇ ਢੰਗ ਨਾਲ ਕੰਮ ਨਾ ਕਰੋ, ਜਿਸ ਨਾਲ ਕੋਈ ਖ਼ਤਰੇ ਵਿਚ ਪੈ ਜਾਏ; ਅਤੇ
- ਆਪਣੇ ਕੇਸ ਵਰਕਰ ਨੂੰ ਦੱਸੋ, ਜੇ ਇਹਨਾਂ ਵਿਚ ਤਬਦੀਲੀ ਹੁੰਦੀ ਹੈ:
  - ✓ ਤੁਹਾਡੀ ਮੈਡੀਕਲ ਬਿਮਾਰੀ;
  - ✓ ਮਦਦ, ਜੋ ਤੁਹਾਨੂੰ ਪਰਿਵਾਰ ਜਾਂ ਹੋਰ ਏਜੰਸੀਆਂ ਤੋਂ ਮਿਲਦੀ ਹੈ;
  - ✓ ਜਿੱਥੇ ਤੁਸੀਂ ਰਹਿੰਦੇ ਹੋ; ਜਾਂ
  - ✓ ਤੁਹਾਡੀ ਮਾਲੀ ਸਥਿਤੀ।



Barcode label

16172

**ਕੇਸ ਵਰਕਰ ਦੀਆਂ ਜ਼ਿੰਮੇਵਾਰੀਆਂ**

ਤੁਹਾਡੀ ਇਹਨਾਂ ਦੀ ਜ਼ਿੰਮੇਵਾਰੀ ਹੈ:

- ਤੁਹਾਡੇ ਨਾਲ ਮਾਣ ਅਤੇ ਸਤਿਕਾਰ ਵਾਲਾ ਵਿਹਾਰ ਕਰਨਾ;
- ਤੁਹਾਡੀ ਨਿਜਤਾ ਨੂੰ ਬਹਾਲ ਰੱਖਣਾ;
- ਤੁਹਾਨੂੰ ਦੱਸਣਾ ਕਿ ALTSA ਅਤੇ DDA ਤੁਹਾਡੇ ਲਈ ਕੀ ਕਰ ਸਕਦਾ ਹੈ ਜਾਂ ਨਹੀਂ ਕਰ ਸਕਦਾ;
- ਸਹਾਇਤਾ ਦੇ ਤੁਹਾਡੇ ਪੱਧਰ ਦਾ ਪਤਾ ਲਾਉਣ ਲਈ ਮੁਲਾਂਕਣ ਕਰਨ ਵਾਸਤੇ ਅਤੇ ਤੁਸੀਂ ਕਿਹੜੀਆਂ ਸੇਵਾਵਾਂ ਤੋਂ ਚੋਣ ਕਰ ਸਕਦੇ ਹੋ, ਦਾ ਫ਼ੈਸਲਾ ਕਰਨ ਲਈ ਤੁਹਾਡੇ ਅਤੇ ਹੋਰਨਾਂ ਤੋਂ ਜਾਣਕਾਰੀ ਲੈਣੀ।
  - ✓ ਮੁਲਾਂਕਣ ਵਿਚ ਤੁਹਾਡੀਆਂ ਸਮਰੱਥਾਵਾਂ, ਸੀਮਾਵਾਂ, ਟੀਚੇ ਅਤੇ ਤਰਜੀਹਾਂ ਸ਼ਾਮਿਲ ਹੋਣਗੀਆਂ।
  - ✓ ਮੁਲਾਂਕਣ ਵਿਚ ਮਦਦ ਸ਼ਾਮਿਲ ਹੋਏਗੀ, ਜੋ ਤੁਹਾਨੂੰ ਪਹਿਲਾਂ ਹੀ ਮਿਲ ਰਹੀ ਹੈ ਜਾਂ ਤੁਸੀਂ ਪਰਿਵਾਰ ਜਾਂ ਹੋਰਨਾਂ ਏਜੰਸੀਆਂ ਤੋਂ ਲੈ ਸਕਦੇ ਹੋ ਅਤੇ ਤੁਸੀਂ ਚਾਹੁੰਦੇ ਹੋ ਕਿ ਸੇਵਾਵਾਂ ਕਿਵੇਂ ਦਿੱਤੀਆਂ ਜਾਣ;
- ਸੰਭਾਲ ਸਬੰਧੀ ਪਲਾਨ ਜਾਂ ਸਹਾਇਤਾ ਪਲਾਨ ਤਿਆਰ ਕਰਨ ਵਿਚ ਤੁਹਾਡੀ ਮਦਦ ਕਰਨਾ, ਜੋ ਨਿਜੀ ਸੰਭਾਲ ਵਿਚ ਮਦਦ ਕਰਦਾ ਹੈ ਅਤੇ ਇਸ ਵਿਚ ਤੁਹਾਡੇ ਨਿਜੀ ਟੀਚੇ, ਤਰਜੀਹਾਂ ਅਤੇ ਪਸੰਦ ਸ਼ਾਮਿਲ ਹੁੰਦੀ ਹੈ;
- ਹਰ ਸਾਲ ਤੁਹਾਡਾ ਸੰਭਾਲ ਸਬੰਧੀ ਪਲਾਨ ਜਾਂ ਸਹਾਇਤਾ ਪਲਾਨ ਨਵਿਆਉਣ ਜਾਂ ਜਦੋਂ ਤੁਹਾਡੀ ਸਥਿਤੀ ਬਦਲਦੀ ਹੈ, ਲਈ ਤੁਹਾਡੇ ਤੋਂ ਅਤੇ ਹੋਰਨਾਂ ਤੋਂ ਜਾਣਕਾਰੀ ਲੈਣੀ;
- ਲੋੜੀਂਦੀ ਜਾਣਕਾਰੀ ਮੁਹਈਆ ਕਰਾਉਣ ਲਈ ਤੁਹਾਨੂੰ ਕਾਫੀ ਸਮਾਂ ਦੇਣਾ;
- ਜਿਵੇਂ ਹੀ ਸਮੱਸਿਆਵਾਂ ਸਾਹਮਣੇ ਆਉਂਦੀਆਂ ਹਨ, ਉਹਨਾਂ ਨੂੰ ਸੰਭਾਲ ਸਬੰਧੀ ਪਲਾਨ ਜਾਂ ਸਹਾਇਤਾ ਪਲਾਨ ਨਾਲ ਹੱਲ ਕਰਨਾ;
- ਤੁਹਾਡੇ ਹੱਕਾਂ ਦਾ ਸਤਿਕਾਰ ਕਰਨਾ ਅਤੇ ਜੇ ਤੁਹਾਨੂੰ ਮਾਨਸਿਕ, ਤੰਤੂ-ਵਿਗਿਆਨਕ, ਇੰਦਰਿਆਵੀ ਜਾਂ ਜਿਸਮਾਨੀ ਵਿਗਾੜ ਹੈ, ਲਈ ਸੇਵਾਵਾਂ ਤੱਕ ਪਹੁੰਚ ਦੇਣ ਲਈ ਹੋਰ ਮਦਦ ਕਰਨੀ; ਅਤੇ
- ਜੇ ਤੁਸੀਂ ਪ੍ਰੋਵਾਈਡਰ ਨਹੀਂ ਲੱਭ ਸਕਦੇ, ਤਾਂ ਇੱਕ ਯੋਗਤਾਪ੍ਰਾਪਤ ਪ੍ਰੋਵਾਈਡਰ ਲੱਭਣ ਵਿਚ ਤੁਹਾਡ ਮਦਦ ਕਰਨਾ।

**ਅਗਾਉਂ ਸੇਧਾਂ**

ਤੁਹਾਨੂੰ ਅਗਾਉਂ ਸੇਧਾਂ ਦੇਣ ਦਾ ਹੱਕ ਹੈ। ਅਗਾਉਂ ਸੇਧਾਂ ਵਿਚ ਜਿਉਂਦਿਆਂ ਵਸੀਅਤ ਕਰਨਾ ਜਾਂ ਆਪਣੀ ਸਿਹਤ ਸੰਭਾਲ ਲਈ ਪੱਕਾ ਮੁਖ਼ਤਾਰਨਾਮਾ ਸ਼ਾਮਿਲ ਹੋ ਸਕਦਾ ਹੈ। ਅਗਾਉਂ ਸੇਧਾਂ ਵਿਚ ਮੈਡੀਕਲ ਅਤੇ/ਜਾਂ ਮਾਨਸਿਕ ਸਿਹਤ ਸੰਭਾਲ ਬਾਰੇ ਤੁਹਾਡੀਆਂ ਇੱਛਾਵਾਂ ਦਾ ਸਾਰ ਹੁੰਦਾ ਹੈ, ਇਸ ਵਿਚ ਮੈਡੀਕਲ, ਮਾਨਸਿਕ ਸਿਹਤ ਜਾਂ ਸਰਜੀਕਲ ਇਲਾਜ ਨੂੰ ਪ੍ਰਵਾਣ ਕਰਨ ਜਾਂ ਰੱਦ ਕਰਨ ਦਾ ਹੱਕ ਸ਼ਾਮਿਲ ਹੁੰਦਾ ਹੈ, ਜਦੋਂ ਇਹ ਫ਼ੈਸਲੇ ਕਰਨ ਲਈ ਤੁਹਾਡੀ ਮਾਨਸਿਕ ਸਮਰੱਥਾ ਨਹੀਂ ਹੁੰਦੀ। ਤੁਸੀਂ ਕਿਸੇ ਵੀ ਸਮੇਂ ਆਪਣੀਆਂ ਅਗਾਉਂ ਸੇਧਾਂ ਰੱਦ ਕਰ ਸਕਦੇ ਹੋ।

**ਵੋਟਰ ਰਜਿਸਟ੍ਰੇਸ਼ਨ ਸੇਵਾ**

1993 ਦਾ ਕੌਮੀ ਵੋਟਰ ਰਜਿਸਟ੍ਰੇਸ਼ਨ ਕਾਨੂੰਨ ਚਾਹੁੰਦਾ ਹੈ ਕਿ ਸਾਰੀਆਂ ਸਟੇਟਾਂ ਆਪਣੇ ਸਰਕਾਰੀ ਸਹਾਇਤਾ ਦਫ਼ਤਰਾਂ ਰਾਹੀਂ ਵੋਟਰ ਰਜਿਸਟ੍ਰੇਸ਼ਨ ਸਹਾਇਤਾ ਮੁਹਈਆ ਕਰਾਉਣ। ਰਜਿਸਟ੍ਰੇਸ਼ਨ ਕਰਨ ਲਈ ਅਪਲਾਈ ਕਰਨ ਜਾਂ ਵੋਟ ਦੇਣ ਲਈ ਰਜਿਸਟ੍ਰੇਸ਼ਨ ਕਰਾਉਣ ਤੋਂ ਮਨ੍ਹਾ ਕਰਨ ਨਾਲ ਸੇਵਾਵਾਂ ਜਾਂ ਲਾਭਾਂ ਦੀ ਰਕਮ 'ਤੇ ਅਸਰ ਨਹੀਂ ਪਏਗਾ, ਜੋ ਤੁਹਾਨੂੰ ਇਸ ਏਜੰਸੀ ਵਲੋਂ ਉਪਲਬਧ ਕਰਾਈ ਜਾ ਸਕਦੀ ਹੈ। ਜੇ ਤੁਸੀਂ ਵੋਟਰ ਰਜਿਸਟ੍ਰੇਸ਼ਨ ਫ਼ਾਰਮ ਭਰਨ ਵਿਚ ਮਦਦ ਚਾਹੁੰਦੇ ਹੋ, ਤਾਂ ਅਸੀਂ ਤੁਹਾਡੀ ਮਦਦ ਕਰਾਂਗੇ। ਰਜਿਸਟ੍ਰੇਸ਼ਨ ਕਰਨ ਜਾਂ ਰਜਿਸਟ੍ਰੇਸ਼ਨ ਕਰਨ ਤੋਂ ਮਨ੍ਹਾ ਕਰਨ ਦੇ ਤੁਹਾਡੇ ਫ਼ੈਸਲੇ ਨੂੰ ਗੁਪਤ ਰਖਿਆ ਜਾਏਗਾ ਅਤੇ ਇਸ ਨੂੰ ਸਿਰਫ਼ ਵੋਟਰ ਰਜਿਸਟ੍ਰੇਸ਼ਨ ਉਦੇਸ਼ਾਂ ਲਈ ਵਰਤਿਆ ਜਾਏਗਾ। ਜੇ ਤੁਹਾਨੂੰ ਲੱਗਦਾ ਹੈ ਕਿ ਰਜਿਸਟ੍ਰੇਸ਼ਨ ਕਰਨ ਜਾਂ ਵੋਟ ਲਈ ਰਜਿਸਟ੍ਰੇਸ਼ਨ ਕਰਨ ਤੋਂ ਮਨ੍ਹਾ ਕਰਨ ਦੇ ਤੁਹਾਡੇ ਹੱਕ, ਰਜਿਸਟ੍ਰੇਸ਼ਨ ਕਰਨ ਜਾਂ ਨਾ ਕਰਨ ਜਾਂ ਵੋਟ ਲਈ ਰਜਿਸਟ੍ਰੇਸ਼ਨ ਕਰਨ ਲਈ ਅਪਲਾਈ ਕਰਨ ਦਾ ਫ਼ੈਸਲਾ ਕਰਨ ਦੀ ਨਿੱਜਤਾ ਦੇ ਤੁਹਾਡੇ ਹੱਕ ਜਾਂ ਆਪਣੀ ਖ਼ੁਦ ਦੀ ਸਿਆਸੀ ਪਾਰਟੀ ਜਾਂ ਹੋਰ ਸਿਆਸੀ ਤਰਜੀਹ ਦੀ ਚੋਣ ਕਰਨ ਦੇ ਤੁਹਾਡੇ ਹੱਕ ਵਿਚ ਕਿਸੇ ਨੇ ਦਖ਼ਲਅੰਦਾਜ਼ੀ ਕੀਤੀ ਹੈ, ਤਾਂ ਤੁਸੀਂ ਇਸ ਨੂੰ ਸ਼ਿਕਾਇਤ ਕਰ ਸਕਦੇ ਹੋ:

Washington State Elections Office
PO Box 40229
Olympia WA 98504-0229
1-800-448-4881

**ਤੁਹਾਡੇ ਦਸਤਖ਼ਤ**

ਜੇ ਤੁਸੀਂ ਆਪਣੇ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ ਅਤੇ ਆਪਣੇ ਕੇਸ ਵਰਕਰ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ, ਤਾਂ ਹੇਠਲੀ ਲਾਈਨ 'ਤੇ ਦਸਤਖ਼ਤ ਕਰੋ।

______________________________________
ਕਲਾਇੰਟ ਦੇ ਦਸਤਖ਼ਤ

______________________________________
ਤਾਰੀਖ਼

______________________________________
ਕਾਨੂੰਨੀ ਨੁਮਾਇੰਦੇ ਦੇ ਦਸਤਖ਼ਤ

______________________________________
ਤਾਰੀਖ਼

ਗਾਹਕਾਂ ਅਤੇ ਮੁਲਾਜ਼ਮਾਂ ਲਈ ਨੋਟਿਸ (ਟਾਈਟਲ VI ਅਤੇ VII) ਵਾਸ਼ਿੰਗਟਨ ਸਟੇਟ ਦਾ ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ ਬਰਾਬਰੀ ਦੇ ਮੌਕੇ ਦੇਣ ਵਾਲਾ ਨੌਕਰੀਦਾਤਾ ਹੈ ਅਤੇ ਉਮਰ, ਸੈਕਸ, ਜਿਨਸੀ ਰੁਝਾਨ, ਲਿੰਗ, ਲਿੰਗ-ਪਛਾਣ/ਪ੍ਰਗਟਾਵੇ, ਵਿਆਹੁਤਾ ਦਰਜੇ, ਨਸਲ, ਪੰਥ, ਰੰਗ, ਕੌਮੀ ਮੂਲ, ਧਰਮ ਜਾਂ ਆਸਥਾ, ਸਿਆਸੀ ਸਬੰਧ, ਫ਼ੌਜੀ ਦਰਜੇ, ਮਾਣ ਸਹਿਤ ਨੌਕਰੀ ਤੋਂ ਬਰਤਰਫ਼ ਕੀਤਾ ਜਾਣ ਵਾਲਾ ਵੈਟਰਨ, ਵੀਅਤਨਾਮ ਯੁਗ, ਹੁਣੇ ਜਿਹੇ ਵੱਖ ਹੋਇਆ ਜਾਂ ਹੋਰ ਸੁਰੱਖਿਅਤ ਵੈਟਰਨ ਦਾ ਦਰਜਾ, ਕੋਈ ਇੰਦਰਿਆਵੀ, ਮਾਨਸਿਕ, ਸਰੀਰਕ ਅਪੰਗਤਾ ਜਾਂ ਸਿਖਲਾਈਪ੍ਰਾਪਤ ਡੌਗ ਗਾਈਡ ਦੀ ਵਰਤੋਂ ਜਾਂ ਅਪੰਗ ਵਿਅਕਤੀ ਵਲੋਂ ਸਰਵਿਸ ਐਨੀਮਲ, ਬਰਾਬਰ ਤਨਖ਼ਾਹ ਜਾਂ ਜੈਨੇਟਿਕ ਜਾਣਕਾਰੀ ਦੇ ਅਧਾਰ 'ਤੇ ਰੋਜ਼ਗਾਰ ਦੇ ਕਿਸੇ ਵੀ ਖੇਤਰ, ਆਪਣੇ ਪ੍ਰੋਗਰਾਮਾਂ ਜਾਂ ਸੇਵਾਵਾਂ ਵਿਚ ਪੱਖਪਾਤ ਨਹੀਂ ਕਰਦਾ।

## ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ ਜਦੋਂ ਤੁਸੀਂ ਬੁਢੇਪਾ ਅਤੇ ਲੰਮੀ-ਮਿਆਦ ਦੀ ਸਹਾਇਤਾ ਬਾਰੇ ਪ੍ਰਸ਼ਾਸਨ ਅਤੇ ਵਿਕਾਸ ਸਬੰਧੀ ਅਸਮਰੱਥਾਵਾਂ (ਅਪੰਗਤਾ) ਬਾਰੇ ਪ੍ਰਸ਼ਾਸਨ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਲੈਂਦੇ ਹੋ

ਹਿਦਾਇਤਾਂ

1. ਸ਼ੁਰੂਆਤੀ CARE ਮੁਲਾਂਕਣ ਮੁਕੰਮਲ ਕਰਨ ਅਤੇ ਸੰਭਾਲ ਸਬੰਧੀ ਪਲਾਨ ਜਾਂ ਸਹਾਇਤਾ ਪਲਾਨ ਦਾ ਜਾਇਜ਼ਾ ਕਰਨ ਵੇਲੇ ਕਲਾਇੰਟ ਨੂੰ ਇਹ ਫ਼ਾਰਮ ਦਿਓ। ਜੇ ਕਲਾਇੰਟ ਪਹਿਲਾਂ ਹੀ ਸੇਵਾਵਾਂ ਲੈ ਰਿਹਾ ਹੈ ਅਤੇ ਫ਼ਾਰਮ ਦੇ ਇਸ ਰੂਪ 'ਤੇ ਪਹਿਲਾਂ ਦਸਤਖ਼ਤ ਨਹੀਂ ਕੀਤੇ, ਤਾਂ ਕਲਾਇੰਟ ਨੂੰ ਅਗਲੇ ਮੁਲਾਂਕਣ 'ਤੇ ਫ਼ਾਰਮ ਦਿਓ। ਕਲਾਇੰਟ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਕਿਸੇ ਵੀ ਸੁਆਲਾਂ ਦੇ ਜਵਾਬ ਦੇਣ ਲਈ ਕਲਾਇੰਟ ਨਾਲ ਫ਼ਾਰਮ ਦਾ ਜਾਇਜ਼ਾ ਲਓ।
2. ਬੁਢੇਪਾ ਅਤੇ ਲੰਮੀ-ਮਿਆਦ ਦੀ ਸਹਾਇਤਾ ਬਾਰੇ ਪ੍ਰਸ਼ਾਸਨ ਅਤੇ ਵਿਕਾਸ ਸਬੰਧੀ ਅਸਮਰੱਥਾਵਾਂ (ਅਪੰਗਤਾ) ਬਾਰੇ ਪ੍ਰਸ਼ਾਸਨ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਲੈਣ ਵੇਲੇ ਕਲਾਇੰਟ ਜਾਂ ਕਲਾਇੰਟ ਦਾ ਨੁਮਾਇੰਦਾ ਇਹ ਦੱਸਣ ਲਈ ਕਿ ਉਸ ਨੇ ਕਲਾਇੰਟ ਦੇ ਹੱਕਾਂ ਅਤੇ ਜ਼ਿੰਮੇਵਾਰੀਆਂ ਸਮਝ ਲਈਆਂ ਹਨ, ਲਈ ਫ਼ਾਰਮ ਦੀਆਂ ਦੋ ਕਾੱਪੀਆਂ 'ਤੇ ਦਸਤਖ਼ਤ ਕਰੇ।
3. ਇੱਕ ਕਾੱਪੀ ਦਸਤਾਵੇਜ਼ੀ ਫ਼ਾਈਲ ਜਾਂ ਦਸਤਾਵੇਜ਼ੀ ਪ੍ਰਬੰਧ ਸਿਸਟਮ (DMS) ਵਿਚ ਲਾਓ ਅਤੇ ਦੂਜੀ ਕਾੱਪੀ ਕਲਾਇੰਟ ਨੂੰ ਦਿਓ।